This question paper contains 2 printed pages.

Generic 2016

Your Roll No. ......................

Sl. No. of Ques. Paper : 8004

GC

Unique Paper Code : 12125901

Name of Paper : Modern Punjabi Poetry and Functional Punjabi

Name of Course : Generic Elective : Punjabi

Semester : I

Duration : 3 hours

Maximum Marks : 75

(Write your Roll No. on the top immediately on receipt of this question paper.)

ਨੋਟ : ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਸਾਰੇ ਭਾਗ ਕਰਨੇ ਜ਼ਰੂਰੀ ਹਨ Max. Marks : 75

## ਭਾਗ ਪਹਿਲਾ

1. ਆਧੁਨਿਕ ਪੰਜਾਬੀ ਕਵਿਤਾ ਦੇ ਆਰੰਭ ਅਤੇ ਵਿਕਾਸ ਉਪਰ ਨੋਟ ਲਿਖੋ। 15

ਜਾਂ

ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਪ੍ਰਵਿਰਤੀਆਂ ਕਿਹੜੀਆਂ ਹਨ? ਚਰਚਾ ਕਰੋ।

2. ਹੇਠ ਲਿਖੇ ਕਾਵਿ-ਰੂਪਾਂ ਵਿਚੋਂ ਕਿਸੇ ਇਕ ਬਾਰੇ ਟਿੱਪਣੀ ਕਰੋ : 10
   - ਨਜ਼ਮ
   - ਰੁਬਾਈ
   - ਗ਼ਜ਼ਲ
   - ਖੁਲ੍ਹੀ ਕਵਿਤਾ

## ਭਾਗ ਦੂਜਾ

3. ਭਾਈ ਵੀਰ ਸਿੰਘ ਦੀ ਕਵਿਤਾ 'ਅਣਡਿੱਠਾ ਰਸ ਦਾਤਾ' ਦਾ ਭਾਵ ਅਰਥ ਲਿਖੋ। 10

ਜਾਂ

ਮੋਹਨ ਸਿੰਘ ਦੀ ਕਵਿਤਾ ਦੇ ਮੂਲ ਸਰੋਕਾਰਾਂ ਬਾਰੇ ਚਰਚਾ ਕਰੋ।

4. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ : 5X2=10

i. 'ਗੁਲਾਬ ਦਾ ਫੁਲ ਤੋੜਨ ਵਾਲੇ ਨੂੰ' ਕਵਿਤਾ ਵਿਚ ਕਵੀ ਕੀ ਉਪਦੇਸ਼ ਦਿੰਦਾ ਹੈ ?

ii. 'ਅੰਨਦਾਤਾ' ਕਵਿਤਾ ਵਿਚ ਨਾਰੀ ਦੀ ਸਥਿਤੀ ਨੂੰ ਕਿਹੜੇ ਬਿੰਬਾਂ ਰਾਹੀਂ ਸਪਸ਼ਟ ਕੀਤਾ ਗਿਆ ਹੈ।

iii. 'ਹਲ ਵਾਹੁਣ ਵਾਲਿਆਂ' ਨੂੰ ਜਗ ਦੇ ਭੰਡਾਰੀ ਕਿਉਂ ਕਿਹਾ ਗਿਆ ਹੈ ?

iv. ਸ਼ਿਵ ਕੁਮਾਰ ਰਚਿਤ ਕਵਿਤਾ 'ਕੰਡਿਆਲੀ ਥੋਰ੍ਹ' ਦਾ ਕੇਂਦਰੀ ਭਾਵ ਲਿਖੋ।

v. ਤਾਜ ਦੀ ਖ਼ੂਬਸੂਰਤੀ ਨੂੰ ਕਵੀ ਡੱਲ ਕਿਉਂ ਕਹਿੰਦਾ ਹੈ ?

5. ਹੇਠ ਦਿੱਤੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਕਾਵਿ-ਬੰਦ ਦੀ ਵਿਆਖਿਆ ਕਰੋ : 05

ਆਖੇ ਜਾਇਦਾਦ ਦੇ ਮੋਢੇ ਨੂੰ ਫੜ :<br>
ਮੇਰੀ ਹੈ ਇਹ ਜਾਇਦਾਦ<br>
ਮੈਂ ਹਾਂ ਮਾਲਕ ਏਸ ਦਾ<br>
ਮੰਨੂ ਦਾ ਕਾਨੂੰਨ ਵੀ ਮੇਰੀ ਤਰਫ਼<br>
ਵੇਲੇ ਦੀ ਸਰਕਾਰ ਵੀ<br>
ਪੈਸੇ ਦੀ ਛਣਕਾਰ ਵੀ<br>
ਧਰਮ ਲੋਕਾਚਾਰ ਵੀ<br>
ਦਿਲ ਨਹੀਂ ਤੇ ਨਾ ਸਹੀ।

ਜਾਂ

ਕੋਲ ਇਹ ਖੂਹੇ ਉਥੇ ਪਿਪਲ ਹੇਠ
ਨਿੱਕੀ ਵੱਡੀ ਪੰਗਰੀਆਂ,
ਨਿੱਕੀਆਂ ਨਿੱਕੀਆਂ ਬਾਹਾਂ,
ਵੱਡੀਆਂ ਵੱਡੀਆਂ ਲੱਜਾਂ
ਕੁੜੀਆਂ ਪੰਜਾਬ ਦੀਆਂ,
ਪਾਣੀ ਪਈਆਂ ਭਰਦੀਆਂ।

## ਭਾਗ ਤੀਜਾ

6. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਤੇ ਲੇਖ ਲਿਖੋ : 10
   i. ਭ੍ਰਿਸ਼ਟਾਚਾਰ
   ii. ਸਮਾਜ ਵਿਚ ਨਾਰੀ ਦੀ ਸਥਿਤੀ
   iii. ਕੰਪਿਊਟਰ ਦੀ ਵਰਤੋਂ
   iv. ਮੇਰਾ ਮਨ ਭਾਉਂਦਾ ਲੇਖਕ

7. ਛੰਦ ਦੀ ਪਰਿਭਾਸ਼ਾ ਅਤੇ ਉਸ ਦੇ ਦੋ ਪ੍ਰਮੁੱਖ ਭੇਦ ਉਦਾਹਰਣਾਂ ਸਹਿਤ ਲਿਖੋ। 05

8. ਹੇਠ ਦਿਤੇ ਅਖਾਣਾ ਵਿਚੋਂ ਕੋਈ ਪੰਜ ਅਖਾਣਾਂ ਦੇ ਵਾਕ ਬਣਾਉ : 05
   i. ਉਹ ਕਿਹੜੀ ਗਲੀ ਜਿਥ ਭਾਗੋ ਨਹੀਂ ਖਲੀ
   ii. ਆਪਣੇ ਮੂੰਹ ਮੀਆਂ ਮਿੱਠੂ
   iii. ਇਕ ਚੁੱਪ ਸੌ ਸੁਖ
   iv. ਨਾਲੇ ਪੁੰਨ ਤੇ ਨਾਲੇ ਫਲੀਆਂ
   v. ਘਰ ਦਾ ਭੇਤੀ ਲੰਕਾ ਢਾਹੇ
   vi. ਨਾ ਨੌ ਮਣ ਤੇਲ ਹੋਵੇ, ਨਾ ਰਾਧਾ ਨੱਚੇ
   vii. ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ

9. ਹੇਠ ਲਿਖੇ ਅਗੇਤਰ ਲਗਾ ਕੇ ਦੋ ਦੋ ਸ਼ਬਦ ਬਣਾਉ : 05
   ਬਦ, ਉਪ, ਦੁਰ, ਸ਼ਾਹ, ਸਬ